# 12 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ, ਪਰਚਾ ਦਰਜ



ਰੂਪਨਗਰ, 8 ਜਨਵਰੀ (ਵਿਜੇ)-ਸਦਰ ਪੁਲਸ ਥਾਣੇ ਵਲੋਂ ਦੋਸ਼ੀ ਨੂੰ 12 ਬੋਤਲਾਂ ਗੈਰ-ਕਾਨੂੰਨੀ ਸ਼ਰਾਬ ਬਰਾਮਦ ਹੋਣ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਹੈ। ਪੁਲਸ ਦੁਆਰਾ ਦਿੱਤੀ ਗਈ ਜਾਣਕਾਰੀ 'ਚ ਏ.ਐੱਸ.ਆਈ.ਕੁਲਵਿੰਦਰ ਸਿੰਘ ਪੁਲਸ ਚੌਕੀ ਪੁਰਖਾਲੀ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ 'ਚ ਮਾਜਰੀ ਚੋਅ ਨੇੜੇ ਕਕੋਟ ਮੌਜੂਦ ਸੀ ਤਾਂ ਦੋਸ਼ੀ ਆਪਣੇ ਹੱਥ 'ਚ ਥੈਲਾ ਪਲਾਸਟਿਕ ਫੜੀ ਆ ਰਿਹਾ ਸੀ ਜੋ ਅੱਗੇ ਖੜ੍ਹੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ। ਉਸਨੂੰ ਕਾਬੂ ਕਰਕੇ ਜਦੋਂ ਚੈੱਕ ਕੀਤਾ ਗਿਆ ਤਾਂ 12 ਬੋਤਲਾਂ ਗੈਰ ਕਾਨੂੰਨੀ ਸ਼ਰਾਬ ਪੰਜਾਬ ਰਸੀਲਾ ਸੰਤਰਾ ਬਰਾਮਦ ਹੋਈਆਂ। ਪੁਲਸ ਨੇ ਦੋਸ਼ੀ ਸੁਖਵਿੰਦਰ ਸਿੰਘ ਉਰਫ ਸੁੱਖੀ ਪੁੱਤਰ ਕੇਸਰ ਸਿੰਘ ਨਿਵਾਸੀ ਪਿੰਡ ਮਾਜਰੀ ਜ਼ਿਲਾ ਰੂਪਨਗਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਐਕਸਾਈਜ ਐਕਟ ਅਧੀਨ ਪਰਚਾ ਦਰਜ ਕਰ ਲਿਆ।